ਪੰਜਾਬੀ ਬੋਲੋ, ਪੰਜਾਬੀ ਪੜ੍ਹੋ ਅਤੇ ਪੰਜਾਬੀ ਲਿਖੋ

# ਦਫ਼ਤਰ; ਜ਼ਿਲ੍ਹਾ ਭਾਸ਼ਾ ਅਫ਼ਸਰ, ਜਲੰਧਰ


ਕਮਰਾ ਨੰ. 213-16, ਦੂਜੀ ਮੰਜ਼ਲ, ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਜਲੰਧਰ।

ਈ-ਮੇਲ: jalandhar.dlo@gmail.com /DLOjal Bhasha_Vibhag_Jal


ਸੇਵਾ ਵਿਖੇ,

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ), ਜਲੰਧਰ।
ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ), ਜਲੰਧਰ।
ਨੰ. 479-80 ਮਿਤੀ 25/10/2023

**ਵਿਸ਼ਾ:** **ਸਮੂਹ ਸਰਕਾਰੀ/ ਗ਼ੈਰ ਸਰਕਾਰੀ/ ਏਡਿਡ/ ਨਿੱਜੀ ਸਕੂਲਾਂ ਦੇ ਨਾਮ, ਨਾਮ ਪੱਟੀਆਂ, ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਜਾਣ ਸਬੰਧੀ।**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਦੇ ਹੁਕਮ ਪਿੱ:ਅੰ:ਨੰ: 6/41/19-2 ਸਿੱ.ਸੈਲ / 857 ਮਿਤੀ 05-12-2022 ਅਨੁਸਾਰ ਪੰਜਾਬ ਰਾਜ ਵਿੱਚ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ/ /ਵਿਭਾਗਾਂ/ ਵਿੱਦਿਅਕ ਅਦਾਰਿਆਂ/ ਬੋਰਡਾਂ/ ਨਿਗਮਾਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ/ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜ੍ਹਕਾਂ ਦੇ ਨਾਮ/ਨਾਮ ਪੱਟੀਆਂ / ਮੀਲ ਪੱਥਰ / ਸੂਚਨਾ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਜਾਣ ਸਬੰਧੀ ਹੁਕਮ ਹੋਏ ਸਨ। ਉਨਾਂ ਹੁਕਮਾਂ ਦੀ ਲੜੀ ਵਿੱਚ ਜ਼ਿਲ੍ਹੇ ਦੇ ਸਮੂਹ ਪ੍ਰਾਈਵੇਟ/ਏਡਿਡ/ਗੈਰ ਸਰਕਾਰੀ ਸਕੂਲਾਂ ਦੇ ਸੂਚਨਾ ਬੋਰਡ, ਨਾਮ, ਨਾਮ ਪੱਟੀਆਂ ਪੰਜਾਬੀ ਭਾਸ਼ਾ ਵਿੱਚ ਹੋਣੇ ਲਾਜ਼ਮੀ ਹਨ। ਜ਼ਿਲ੍ਹੇ ਦੇ ਸਮੂਹ ਸਕੂਲਾਂ ਕੋਲੋਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਨਾਮ ਲਿਖੇ ਹੋਣ ਦਾ ਸਰਟੀਫਿਕੇਟ ਇਸ ਦਫ਼ਤਰ ਨੂੰ ਮਿਤੀ 30-10-2023 ਤੱਕ ਇਸ ਦਫ਼ਤਰ ਦੀ ਈਮੇਲ jalandhar.dlo@gmail.com ਉੱਤੇ ਭੇਜਣ ਦੀ ਹਦਾਇਤ ਕਰਨ ਦੀ ਖੇਚਲ ਕਰਨਾ ਜੀ ਤਾਂ ਜੋ ਸਮੇਂ ਸਿਰ ਸੂਚਨਾ ਸੰਕਲਿਤ ਕਰਕੇ ਸਰਕਾਰ ਨੂੰ ਭੇਜੀ ਜਾ ਸਕੇ ਜੀ।

ਧੰਨਵਾਦ ਸਹਿਤ।

ਦਫ਼ਤਰ ਜ਼ਿਲਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੀ-2/2023 299856
ਮਿਤੀ ਜਲੰਧਰ 25/10/2023

ਜ਼ਿਲ੍ਹਾ ਭਾਸ਼ਾ ਅਫ਼ਸਰ,
ਜਲੰਧਰ।

ਉਪਰੋਕਤ ਪੱਤਰ ... 30/10/2023 ... ਭੇਜੀ ਜਾ ਸਕੇ।

25/10/23

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸ)
ਜਲੰਧਰ

**ਦਫ਼ਤਰ; ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ**

(ਪ੍ਰਚਾਲਣ ਸਾਖ਼ਾ)

**ਵੱਲ**

**ਸਹਾਇਕ ਡਾਇਰੈਕਟਰ (ਪੰ.ਸੈਲ) ਚੰਡੀਗੜ੍ਹ**
**ਸਮੂਹ ਜ਼ਿਲ੍ਹਾ ਭਾਸ਼ਾ ਅਫ਼ਸਰ......................**

**ਨੰ.ਪੰ.ਪ੍ਰਚਾ.(ਸਰਕੂਲਰ)-2023/** 11994-12017
**ਮਿਤੀ, ਪਟਿਆਲਾ/** 12/09/2023

**ਵਿਸ਼ਾ:-** **ਪ੍ਰਾਈਵੇਟ ਸਕੂਲਾਂ ਦੇ ਬੋਰਡ ਪੰਜਾਬੀ ਵਿਚ ਲਿਖਣ ਸਬੰਧੀ।**

ਉਪਰੋਕਤ ਵਿਸ਼ੇ ਤੇ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਪੱਤਰ ਨੰ. 1/632026/2023, ਮਿਤੀ 31.08.2023 ਰਾਹੀਂ ਸ੍ਰੀਮਤੀ ਜਸਪਾਲ ਕੌਰ, ਪੰਜਾਬੀ ਅਧਿਆਪਕਾ ਦਾ ਈ.ਮੇਲ ਪੱਤਰ ਕਾਰਵਾਈ ਲਈ ਪ੍ਰਾਪਤ ਹੋਇਆ ਹੈ (ਕਾਪੀ ਨੱਥੀ)। ਪੱਤਰ ਵਿਚ ਬਿਨੈਕਾਰ ਵੱਲੋਂ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਬੋਰਡ ਪੰਜਾਬੀ ਭਾਸ਼ਾ ਵਿਚ ਨਹੀਂ ਲੱਗੇ ਹੋਏ ਹਨ।

ਸਰਕਾਰ ਦੇ ਮਿਤੀ 05.12.2022 ਨੂੰ ਜਾਰੀ ਹੁਕਮਾਂ ਦੀ ਪਾਲਣਾ ਤਹਿਤ ਆਪਣੇ-ਆਪਣੇ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲਾਂ ਦੇ ਮੁੱਖੀਆਂ ਆਦਿ ਨਾਲ ਰਾਬਤਾ ਕਰਕੇ, ਉਨ੍ਹਾਂ ਨੂੰ ਸਰਕਾਰ ਦੇ ਹੁਕਮਾਂ ਤੋਂ ਜਾਣੂ ਕਰਵਾਉਂਦੇ ਹੋਏ ਬੋਰਡ ਪੰਜਾਬੀ ਵਿਚ ਕਰਨ ਲਈ ਕਾਰਵਾਈ ਕੀਤੀ ਜਾਵੇ। ਇਸ ਉਪਰੰਤ ਰਿਪੋਟ ਮੁੱਖ ਦਫ਼ਤਰ ਨੂੰ ਸ਼ੀਘਰ ਭੇਜੀ ਜਾਵੇ।

**ਵਧੀਕ ਡਾਇਰੈਕਟਰ**
**ਭਾਸ਼ਾ ਵਿਭਾਗ, ਪੰਜਾਬ**

**ਪਿੱਠ ਅੰਕਣ ਨੰ. ਪੰ.ਪ੍ਰਚਾ.(152-5)-2023/** **ਮਿਤੀ, ਪਟਿਆਲਾ/**

**ਉਤਾਰਾ:-1.** ਮਾਣਯੋਗ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ (ਸਿੱਖਿਆ ਸੈੱਲ) ਚੰਡੀਗੜ੍ਹ ਪੱਤਰ ਨੰ.1/632026/2023, ਮਿਤੀ 31.08.2023 ਦੇ ਹਵਾਲੇ ਵਿਚ ਸੂਚਨਾ ਹਿਤ ਭੇਜਿਆ ਜਾਂਦਾ ਹੈ ਜੀ।

**2.** ਸ੍ਰੀਮਤੀ ਜਸਪਾਲ ਕੌਰ, ਪੰਜਾਬੀ ਅਧਿਆਪਕਾ ਨੂੰ ਪੱਤਰ ਮਿਤੀ 31.07.2023 ਦੇ ਹਵਾਲੇ ਵਿਚ ਈ.ਮੇਲ ਆਈ.ਡੀ. jaspalkaur1973@gmail.com ਤੇ ਸੂਚਨਾ ਹਿਤ ਭੇਜਿਆ ਜਾਂਦਾ ਹੈ।

**ਵਧੀਕ ਡਾਇਰੈਕਟਰ**
**ਭਾਸ਼ਾ ਵਿਭਾਗ, ਪੰਜਾਬ**

# ਨਮੂਨਾ

ਕੇਵਲ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ ਵਿੱਚ)

ਹੋਰਨਾਂ ਭਾਸ਼ਾਵਾਂ ਵਿੱਚ